# ਪਾਕਿਸਤਾਨ 'ਚ ਹਵਾਈ ਜਹਾਜ਼ ਹਾਦਸਾਗ੍ਰਸਤ-ਜਹਾਜ਼ 'ਚ ਸਵਾਰ ਸਾਰੇ ਹੀ 48 ਯਾਤਰੀ ਮਾਰੇ ਗਏ

**ਇਸਲਾਮਾਬਾਦ (ਪਿਸ਼ਾਵਰ) / ਏਜੰਸੀਆਂ**

ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਦਾ ਇਕ ਯਾਤਰੀ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ ਤੇ ਇਸ 'ਚ ਸਵਾਰ ਸਾਰੇ 48 ਯਾਤਰੀਆਂ ਦੀ ਮੌਤ ਹੋ ਗਈ ਹੈ। ਪਾਕਿਸਤਾਨ ਮੀਡੀਆ ਅਨੁਸਾਰ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਦੀ ਫਲਾਈਟ ਪੀਕੇ-661 ਸ਼ਾਮ ਕਰੀਬ 4:30 ਵਜੇ ਰਾਡਾਰ ਤੋਂ ਗਾਇਬ ਹੋ ਗਈ। ਜਹਾਜ਼ ਨੇ 7 ਦਸੰਬਰ ਦੁਪਹਿਰ 3:30 ਵਜੇ ਚਿਤਰਲ ਤੋਂ ਉਡਾਨ ਭਰੀ ਸੀ ਤੇ ਇਸਨੇ ਇਸਲਾਮਾਬਾਦ ਦੇ ਬੇਨਜੀਰ ਭੁੱਟੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਰੀਬ 4:40 ਵਜੇ ਉਤਰਨਾ ਸੀ ਪਰ 4:30 ਵਜੇ ਦੇ ਕਰੀਬ ਐਬਟਾਬਾਦ ਦੇ ਨੇੜੇ ਹਵੇਲੀਅਨ ਦੇ ਕੋਲ ਇਹ ਰਾਡਾਰ ਤੋਂ ਗਾਇਬ ਹੋ ਗਿਆ। ਇਸ ਜਹਾਜ਼ 'ਚ ਉਘੇ ਗਾਇਕ ਜੁਨੈਦ ਜਮਸ਼ੇਦ, ਉਨ੍ਹਾਂ ਦੀ ਪਤਨੀ ਤੇ ਚਿਤਰਾਲ ਦੇ ਡਿਪਟੀ ਕਮਿਸ਼ਨਰ ਓਸਾਮਾ ਵੜੈਚ ਵੀ ਸਵਾਰ ਸਨ, ਇਸਦੀ ਪੁਸ਼ਟੀ ਉਨ੍ਹਾਂ ਦੇ ਭਰਾ ਵੱਲੋਂ ਕੀਤੀ ਗਈ ਹੈ। ਇਸ ਹਾਦਸੇ 'ਚ ਉਕਤ ਤਿੰਨੋ ਵੀ ਮਾਰੇ ਗਏ।



ਵਿਸ਼ਵ ਪੱਧਰ ਦੀਆਂ ਉਡਾਣਾਂ 'ਤੇ ਨਜ਼ਰ ਰੱਖਣ ਵਾਲੇ ਏਵੀਏਸ਼ਨ ਹੇਰਾਲਡ ਨੇ ਕਿਹਾ ਹੈ ਕਿ ਫਲਾਈਟ ਪੀਕੇ-661 ਦੇ ਇੰਜਣ 'ਚ ਤਕਨੀਕੀ ਖਰਾਬੀ ਆ ਜਾਣ ਕਾਰਨ ਐਬਟਾਬਾਦ ਦੇ ਨੇੜੇ ਇਹ ਜਹਾਜ਼ ਸੱਧਾ ਬਤੋਲਨੀ ਪਿੰਡ ਕੋਲ ਹਾਦਸਾਗ੍ਰਸਤ ਹੋ ਗਿਆ। ਪੀ.ਆਈ.ਏ. ਦੇ ਇਕ ਸਰਕਾਰੀ ਬੁਲਾਰੇ ਦਨਿਆਲ ਗਿਲਾਨੀ ਨੇ ਟਵੀਟ ਕੀਤਾ ਹੈ ਕਿ 42 ਲੋਕਾਂ ਨੂੰ ਲੈ ਕੇ ਪੀ.ਆਈ.ਏ. ਦਾ ਏ.ਟੀ.ਆਰ.42 ਏਅਰਕ੍ਰਾਫ਼ਟ ਜੋ ਕੇ ਪੀਕੇ-661 ਦੀ ਤਰ੍ਹਾਂ ਕੰਮ ਕਰ ਰਿਹਾ ਸੀ ਦਾ ਸੰਪਰਕ ਕੁਝ ਦੇਰ ਪਹਿਲਾਂ ਚਿਤਰਲ ਤੋਂ ਇਸਲਾਮਾਬਾਦ ਦੇ ਰਸਤੇ 'ਚ ਕੰਟਰੋਲ ਟਾਵਰ ਤੋਂ ਟੁੱਟ ਗਿਆ। ਜਿਸ ਕਾਰਨ ਜਹਾਜ਼ 'ਚ ਸਵਾਰ ਸਾਰੇ ਹੀ ਯਾਤਰੀ ਮਾਰੇ ਗਏ ਹਨ।

ਉਨ੍ਹਾਂ ਕਿਹਾ ਕਿ ਜਹਾਜ਼ 'ਚ ਅਮਲੇ ਦੇ 3 ਪਾਇਲਟ 2 ਏਅਰਹੋਸਟਸ, ਇਕ ਇੰਜੀਨੀਅਰ ਤੇ 42 ਯਾਤਰੀਆਂ ਸਮੇਤ ਕੁਲ 48 ਲੋਕ ਸਵਾਰ ਸਨ। ਉਨ੍ਹਾਂ ਦੱਸਿਆ ਕਿ ਇਸ ਜਹਾਜ਼ ਦੇ ਯਾਤਰੀਆਂ 'ਚ 31 ਪੁਰਸ਼, 9 ਔਰਤਾਂ ਅਤੇ 2 ਨਵ-ਜਨਮੇਂ ਬੱਚੇ ਸਵਾਰ ਸਨ। ਉਧਰ ਪਾਕਿਸਤਾਨੀ ਫ਼ੌਜ ਵੱਲੋਂ ਘਟਨਾ ਸਥਾਨ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਫ਼ੌਜ ਦੇ ਇਕ ਬੁਲਾਰੇ ਨੇ ਦੱਸਿਆ ਕਿ ਹੁਣ ਤੱਕ 36 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ।

# ਸਾਂਨਫਰਾਂਸਿਸਕੋ ਤੋਂ ਨਵੀਂ ਦਿਲੀ ਲਈ ਸਿਧੀ ਹਵਾਈ ਸੇਵਾ ਦਾ ਕੋਈ ਲਾਭ ਨਹੀਂ - ਚਾਹਲ

**ਨਾਰਥ ਅਮਰੀਕਨ/ਏਜੰਸੀਆਂ**

ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਨੇ ਭਾਰਤ ਦੇ ਪਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਸ਼੍ਰੀਮਤੀ ਸੁਸ਼ਮਾ ਸਵਰਾਜ ਨੂੰ ਵੱਖ-ਵੱਖ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼ਾਨਫਰਾਂਸਿਸਕੋ ਤੋਂ ਨਵੀਂ ਦਿਲੀ ਰਾਹੀਂ ਬੰਗਲੌਰ ਜਾਣ ਵਾਲੀ ਸਿਧੀ ਹਵਾਈ ਉਡਾਣ ਅੀ-0174 ਦਾ ਅਮਰੀਕਾ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ ਜਿਸ ਕਾਰਨ ਪਰਵਾਸੀ ਪੰਜਾਬੀਆਂ ਦੀ ਖਜਲ ਖੁਆਰੀ ਜਿਉਂ ਦੀ ਤਿਉਂ ਪਹਿਲਾਂ ਵਾਂਗ ਹੋ ਰਹੀ ਹੈ। ਨਾਪਾ ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਦਸਿਆ ਕਿ ਸ਼ਾਂਨਫਰਾਂਸਿਸਕੋ ਤੋਂ ਨਵੀਂ ਦਿਲੀ ਇਹ ਹਵਾਈ ਉਡਾਣ ਸ਼ਾਮ ਦੇ ਸਵਾ ਚਾਰ ਵਜੇ ਪਹੁੰਚਦੀ ਹੈ ਤੇ ਉਸਤੋਂ ਬਾਅਦ ਅੰਮ੍ਰਿਤਸਰ ਪਹੁੰਚਣ ਲਈ ਪਰਵਾਸੀ ਪੰਜਾਬੀ ਮੁਸਾਫਰਾਂ ਨੂੰ ਜਿਹੜੀ ਹਵਾਈ ਉਡਾਣ ਅੀ-0115 ਲੈਣੀ ਪੈਂਦੀ ਹੈ ਉਹ ਨਵੀਂ ਦਿਲੀ ਤੋਂ ਅੰਮ੍ਰਿਤਸਰ ਲਈ ਸ਼ਾਮ ਦੇ ਪੰਜ ਚਲਦੀ ਹੈ ਜਿਸ ਕਾਰਨ ਕਈ ਵਾਰ ਸ਼ਾਂਨਫਰਾਂਸਿਸਕੋ ਤੋਂ ਨਵੀਂ ਦਿਲੀ ਪਹੁੰਚਣ ਵਾਲੀ ਫਲਾਈਟ ਦੇ ਲੇਟ ਹੋ ਜਾਣ ਕਾਰਨ ਪਰਵਾਸੀ ਪੰਜਾਬੀ ਮੁਸਾਫਰਾਂ ਨੂੰ ਖਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸ: ਚਾਹਲ ਨੇ ਦੱਸਿਆ ਕਿ ਸਾਂਨਫਰਾਂਸਿਸਕੋ ਤੋਂ ਵਾਇਆ ਨਵੀਂ ਦਿਲੀ ਬੰਗਲੌਰ ਜਾਣ ਵਾਲੀ ਹਵਾਈ ਉਡਾਣ ਅੀ-0174 ਦਾ ਹਵਾਈ ਰੂਟ ਕਰਾਚੀ, ਅੰਮ੍ਰਿਤਸਰ ਤੇ ਮੋਹਾਲੀ ਦੇ ਰਸਤੇ ਨਵੀਂ ਦਿੱਲੀ ਜਾਂਦਾ ਹੈ ਇਸ ਲਈ ਜੇਕਰ ਇਸ ਫਲਾਈਟ ਨੂੰ ਕੁਝ ਸਮੇਂ ਲਈ ਅੰਮ੍ਰਿਤਸਰ ਹਵਾਈ ਅੱਡੇ ਰੋਕ ਲਿਆ ਜਾਵੇ ਤਾ ਇਸ ਨਾਲ ਪਰਵਾਸੀ ਪੰਜਾਬੀ ਮੁਸਾਫਰਾਂ ਨੂੰ ਬਹੁਤ ਫਾਇਦਾ ਹੋਵੇਗਾ। ਸ: ਚਾਹਲ ਨੇ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਸ਼ਬਦਾਂ 'ਚ ਮੰਗ ਕੀਤੀ ਕਿ ਸ਼ਾਨਫਰਾਂਸਿਸਕੋ ਤੋਂ ਬੰਗਲੌਰ ਜਾਣ ਵਾਲੀ ਹਵਾਈ ਉਡਾਣ ਅੀ-0174 ਨੂੰ ਅੰਮ੍ਰਿਤਸਰ ਤੇ ਨਵੀਂ ਦਿਲੀ ਏਅਰਪੋਰਟ ਵਿਖੇ ਰੋਕਿਆ ਜਾਵੇ ਤਾਂ ਕਿ ਵੱਧ ਤੋਂ ਵਧ ਪਰਵਾਸੀ ਪੰਜਾਬੀ ਮੁਸਾਫਰਾਂ ਨੂੰ ਲਾਭ ਹੋ ਸਕੇ। ਸ: ਚਾਹਲ ਨੇ ਦਸਿਆ ਕਿ ਅਜਿਹਾ ਕਰਨ ਨਾਲ ਜਿਥੇ ਪਰਵਾਸੀ ਪੰਜਾਬੀਆਂ ਨੂੰ ਫਾਇਦਾ ਹੋਵੇਗਾ ਉਥੇ ਅੰਮ੍ਰਿਤਸਰ ਸ਼ਹਿਰ ਵਿਚ ਪਰਵਾਸੀ ਪੰਜਾਬੀ ਆਪਣਾ ਪੂੰਜੀ ਨਿਵੇਸ਼ ਵੀ ਕਰ ਸਕਣਗੇ।



# ਮਿਸੀਸਾਗਾ ਦੀ ਸਾਈਨ ਫੈਕਟਰੀ 'ਚ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ



**ਮਿਸੀਗਾਗਾ (ਕੈਨੇਡਾ)/ਭਜਨ ਸਿੰਘ ਬਾਂਹਬਾ**

ਮਿਸੀਸਾਗਾ 'ਚ ਸਥਿਤ ਸਾਈਨ ਫੈਕਟਰੀ 'ਚ ਜ਼ਬਰਦਸਤ ਧਮਾਕਾ ਹੋਣ ਤੋਂ ਬਾਅਦ ਅੱਗ ਲੱਗ ਗਈ। ਅੱਗ ਲੱਗਣ ਦੀ ਖ਼ਬਰ ਮਿਲਣ ਮਗਰੋਂ ਜਦੋਂ ਤੱਕ ਬਚਾਅ ਕਰਮੀ ਪੁੱਜੇ ਫੈਕਟਰੀ ਨੂੰ ਅੱਗ ਨੇ ਪੂਰੀ ਤਰ੍ਹਾਂ ਘੇਰ ਲਿਆ ਸੀ ਤੇ ਅੱਗ ਦੀਆਂ ਉੱਚੀਆਂ ਉੱਚੀਆਂ ਲਪਟਾਂ ਉਠ ਰਹੀਆਂ ਸਨ। ਪੀਲ ਦੀ ਖੇਤਰੀ ਪੁਲਿਸ ਨੇ ਵੀ ਅੱਗ ਬਚਾਉਣ 'ਚ ਮਦਦ ਕੀਤੀ। ਇਹ ਫੈਕਟਰੀ ਲੈਨਵਰਥ ਡਰਾਈਵ ਅਤੇ ਵਾਰਟਨ ਡਰਾਈਵਰ ਵਿਖੇ ਸਥਿਤ ਹੈ। ਦੱਸਿਆ ਜਾ ਰਿਹਾ ਹੈ ਕਿ ਧਮਾਕਾ ਏਨਾ ਜ਼ਬਰਦਸਤ ਸੀ ਕਿ ਫੈਕਟਰੀ ਦੀ ਛੱਡ ਟੁੱਕੜੇ-ਟੁੱਕੜੇ ਹੋ ਕੇ ਉੱਡ ਗਈ। ਹਾਦਸੇ 'ਚ ਕੋਈ ਜ਼ਖ਼ਮੀ ਨਹੀਂ ਹੋਇਆ ਕਿਉਂਕਿ ਹਾਦਸੇ ਦੇ ਸਮੇਂ ਫੈਕਟਰੀ ਵਿਚ ਲੋਕ ਕੰਮ ਨਹੀਂ ਕਰ ਰਹੇ ਸਨ। ਫੈਕਟਰੀ ਦੇ ਮਾਲਕਾਂ ਨੂੰ ਅਲਾਰਮ ਰਾਹੀਂ ਅੱਗ ਲੱਗਣ ਦੀ ਘਟਨਾ ਦੀ ਜਾਣਕਾਰੀ ਮਿਲੀ।

ਇਸ ਫੈਕਟਰੀ ਵਿਚ ਪਲਾਸਟਿਕ ਅਤੇ ਲੱਕੜ ਦੇ ਸਾਈਨ ਬੋਰਡ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਮੌਕੇ 'ਤੇ ਫਾਇਰ ਵਿਭਾਗ ਦੀਆਂ ਟੀਮਾਂ ਪਹੁੰਚੀਆਂ। ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਇਹ ਅੱਗ ਕਾਫੀ ਜ਼ਿਆਦਾ ਫੈਲੀ ਹੋਈ ਸੀ, ਜਿਸ ਕਰ ਕੇ ਇਸ 'ਤੇ ਕਾਬੂ ਪਾਉਣ ਵਿਚ ਮੁਸ਼ਕਲਾਂ ਪੇਸ਼ ਆਈਆਂ।

# ਦੋ ਪੰਜਾਬੀ ਕੈਨੇਡਾ 'ਚ ਖ਼ਤਰਨਾਕ ਨਸ਼ੀਲੇ ਪਦਾਰਥ ਦਾ ਚਲਾਉਂਦੇ ਸਨ ਕਾਰਖਾਨਾ

**ਕੈਲਗਰੀ/ਮਵਦੀਲਾ ਬਿਊਰੋ**

ਆਪਣੇ ਦੇਸ਼ ਨੂੰ ਸ਼ਰਮਿੰਦਿਆਂ ਕਰਨ ਵਾਲਾ ਕਾਰਾ ਪਿਛਲੇ ਦਿਨੀਂ ਦੋ ਪੰਜਾਬੀਆਂ ਨੇ ਕੀਤਾ, ਸੁਖਜੀਤ ਸਿੰਘ ਸਿੱਧੂ (21) ਅਤੇ ਅਮਨਪ੍ਰੀਤ ਬੱਲ (26) ਨਾਮੀ ਇਹ ਦੋਵੇਂ ਨੌਜਵਾਨ ਮਿਲ ਕੇ ਕੈਲਗਰੀ 'ਚ ਫੈਨਟਾਇਲ ਨਾਮੀ ਖ਼ਤਰਨਾਕ ਨਸ਼ੀਲੇ ਪਦਾਰਥ ਦਾ ਕਾਰਖਾਨਾ ਚਲਾਉਂਦੇ ਸਨ। ਦੋਹਾਂ ਨੇ ਇਹ ਕਾਰਖਾਨਾ ਇੱਕ ਫਲੈਟ 'ਚ ਲਗਾਇਆ ਹੋਇਆ ਸੀ। ਤਿੰਨ ਮਹੀਨਿਆਂ ਦੀ ਜਾਂਚ ਉਪਰੰਤ ਪੁਲਸ ਨੇ ਇਨ੍ਹਾਂ ਦੋਹਾਂ ਦਾ ਭਾਂਡਾ ਭੰਨ ਦਿੱਤਾ ਅਤੇ ਛਾਪਾ ਮਾਰ ਕੇ ਉਕਤ ਕਾਰਖਾਨੇ ਨੂੰ ਬੰਦ ਕਰਾ ਦਿੱਤਾ।

ਪੁਲਸ ਅਧਿਕਾਰੀਆਂ ਨੇ ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਸ਼ਹਿਰ ਦੇ ਦੱਖਣੀ-ਪੱਛਮੀ ਇਲਾਕੇ 'ਚ ਸਥਿਤ ਇਸ ਕਾਰਖਾਨੇ 'ਚ ਉਨ੍ਹਾਂ ਨੇ ਛਾਪਾ ਮਾਰਿਆ ਤਾਂ ਉਨ੍ਹਾਂ ਦੇ ਹੱਥ ਵੱਡੀ ਮਾਤਰਾ ਚਿੱਟਾ ਪਾਊਡਰ ਲੱਗਿਆ। ਉਨ੍ਹਾਂ ਦੱਸਿਆ ਕਿ ਇਸ ਪਿੱਛੋਂ ਸੁਰੱਖਿਆ ਦੇ ਮੱਦੇਨਜ਼ਰ ਉਨ੍ਹਾਂ ਨੇ ਪੂਰੇ ਇਲਾਕੇ ਨੂੰ ਖ਼ਾਲੀ ਕਰਾ ਲਿਆ।

# ਡਾ. ਹਰਚਰਨ ਸਿੰਘ ਦੇ ਲਿਖੇ ਨਾਟਕ 'ਹਿੰਦ ਦੀ ਚਾਦਰ' ਦਾ ਬਰੈਂਪਟਨ ਵਿੱਚ ਸਫ਼ਲ ਮੰਚਨ

**ਬਰੈਂਪਟਨ/ ਭਜਨ ਸਿੰਘ ਬਾਂਹਬਾ**



ਪੰਜਾਬੀ ਦੇ ਉੱਘੇ ਨਾਟਕਕਾਰ ਡਾ. ਹਰਚਰਨ ਸਿੰਘ ਦਾ ਲਿਖਿਆ ਹੋਇਆ ਨਾਟਕ 'ਹਿੰਦ ਦੀ ਚਾਦਰ' ਡਾਇਰੈਕਟਰ ਜਸਪਾਲ ਢਿੱਲੋਂ ਦੀ ਟੀਮ ਵੱਲੋਂ 'ਓਨਟਾਰੀਓ ਪੰਜਾਬੀ ਥੀਏਟਰ ਐਂਡ ਆਰਟਸ' ਦੇ ਬੈਨਰ ਹੇਠ ਵਿਲੀਅਮ ਪਾਰਕਵੇਅ ਸਥਿਤ ਚਿੰਗੁਆਕੂਜ਼ੀ ਸੈਕੰਡਰੀ ਸਕੂਲ ਦੇ ਵਿਸ਼ਾਲ ਆਡੀਟੋਰੀਅਮ ਵਿੱਚ ਸਫ਼ਲਤਾ ਪੂਰਵਕ ਖੇਡਿਆ ਗਿਆ।

ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਵੱਲੋਂ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਦਿੱਤੀ ਗਈ ਲਾਸਾਨੀ ਸ਼ਹੀਦੀ ਨੂੰ ਬੜੇ ਕਲਾਤਮਿਕ ਢੰਗ ਨਾਲ ਦਰਸਾਉਂਦਾ ਇਹ ਨਾਟਕ ਕਈ ਦ੍ਰਿਸ਼ ਪਰਦੇ ਦੇ ਪਿੱਛੇ ਰੌਸ਼ਨੀ ਤੇ ਆਵਾਜ਼ ਦੇ ਨਾਲ ਨਾਲ ਵੱਖ-ਵੱਖ ਕਲਾਕਾਰਾਂ ਦੇ ਭਾਵਪੂਰਤ ਸੰਵਾਦਾਂ ਰਾਹੀਂ ਬੜੀ ਖ਼ੂਬਸੂਰਤੀ ਨਾਲ ਵਿਖਾਏ ਗਏ। ਨਾਟਕ ਵਿੱਚ ਕੁਲਵਿੰਦਰ ਖਹਿਰਾ ਦੇ ਲਿਖੇ ਰਾਜ ਘੁੰਮਣ ਵੱਲੋਂ ਗਾਏ ਗੀਤ ਵੀ ਕਹਾਣੀ ਨੂੰ ਅੱਗੇ ਤੋਰਨ ਵਿੱਚ ਵਧੀਆ ਸਹਾਈ ਹੋਏ। ਸੂਤਰਧਾਰ 'ਧਰਤੀ' ਦਾ ਰੋਲ ਲਿਵਲੀਨ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਨਾਟਕ ਦੀ ਸਫ਼ਲਤਾ ਲਈ ਸੁਰਜੀਤ ਢੀਂਡਸਾ, ਜੋਗਿੰਦਰ ਸੰਘੇੜਾ, ਜੋਅ ਸਿੰਘ, ਜੈਗ ਧਾਲੀਵਾਲ, ਕਰਮਜੀਤ ਗਿੱਲ, ਪਰਮਜੀਤ ਦਿਓਲ, ਜੋਬਨ ਦਿਓਲ, ਵਿਵੇਕ ਕੋਹਲੀ, ਰਜਿੰਦਰ ਬੋਇਲ, ਹਰਪ੍ਰੀਤ ਢਿੱਲੋਂ, ਰਮਣੀਕ ਸਿੰਘ ਸਮੇਤ ਸਾਰੇ ਹੀ ਕਲਾਕਾਰ ਵਧਾਈ ਦੇ ਪਾਤਰ ਹਨ। ਜਸਪਾਲ ਢਿੱਲੋਂ ਦੀ ਨਿਰਦੇਸ਼ਨਾ ਅਤੇ ਉਸ ਦੀ ਕਲਾਕਾਰੀ ਦਾ ਕੋਈ ਜੁਆਬ ਨਹੀਂ। ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਾਜ ਘੁੰਮਣ ਨੇ ਆਏ ਦਰਸ਼ਕਾਂ ਅਤੇ ਪਤਵੰਤਿਆਂ ਨੂੰ 'ਜੀ ਆਇਆਂ' ਕਿਹਾ। ਉਨ੍ਹਾਂ ਨੇ ਇਸ ਮੌਕੇ ਨਾਟਕ ਦੇ ਸਪਾਂਸਰਾਂ ਦਾ ਖ਼ਾਸ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਦੇ ਭਰਪੂਰ ਸਹਿਯੋਗ ਸਦਕਾ ਇਹ ਨਾਟਕ ਦਰਸ਼ਕਾਂ ਦੇ ਰੂ-ਬ-ਰੂ ਹੋ ਸਕਿਆ। ਬਰੈਂਪਟਨ ਦੇ ਸਿਟੀ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਇਸ ਇਤਿਹਾਸਕ ਨਾਟਕ ਦੇ ਮੰਚਨ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਨੇ ਬਰੈਂਪਟਨ ਸਿਟੀ ਕੌਂਸਲ ਵੱਲੋਂ ਇਸ ਮੌਕੇ ਇੱਕ ਸ਼ਲਾਘਾ ਸਰਟੀਫੀਕੇਟ ਵੀ ਪ੍ਰਬੰਧਕਾਂ ਨੂੰ ਭੇਂਟ ਕੀਤਾ।

# ਪ੍ਰਿਅੰਕਾ ਚੋਪੜਾ ਨੇ ਜਾਰੀ ਕੀਤਾ ਅਮਰਿੰਦਰ ਗਿੱਲ ਨੂੰ ਲੈ ਕੇ ਬਣਾਈ ਪੰਜਾਬੀ ਫਿਲਮ 'ਸਰਵਣ' ਦਾ ਪ੍ਰੋਮੋ



**ਮਿਸੀਗਾਗਾ (ਕੈਨੇਡਾ)/ਹਰਜੀਤ ਬਾਜਵਾ**

ਬੀ ਐਮ ਓ ਪੰਜਾਬੀ ਇੰਟਰਨੈਸ਼ਨਲ ਫਿਲਮ ਫੈਸਟੀਵਲ ਟੋਰਾਂਟੋ ਅਤੇ ਪੰਜਾਬੀ ਇੰਟਰਨੈਸ਼ਨਲ ਫਿਲਮ ਫੈਸਟੀਵਲ ਆਫ ਸਾਊਥ ਏਸ਼ੀਆ ਟੋਰਾਂਟੋ (ਇਫਸਾ) ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਵਿੱਚ ਮਿਸੀਸਾਗਾ ਦੇ ਹਿਲਟਨ ਟੋਟਲ ਵਿੱਚ ਇੱਕ ਪ੍ਰੈਸ ਮਿਲਣੀ ਦੌਰਾਨ ਬਾਲੀਵੁੱਡ ਦੀ ਉੱਘੀ ਅਭਿਨੇਤਰੀ ਪ੍ਰਿਅੰਕਾ ਚੋਪੜਾ ਪੱਤਰਕਾਰਾਂ ਦੇ ਰੂਬਰੂ ਹੋਈ। ਉਹਨਾਂ ਦੇ ਪਰਿਵਾਰ ਦੇ ਪ੍ਰੋਡਕਸ਼ ਹਾਊਸ ਵੱਲੋਂ ਉੱਘੇ ਪੰਜਾਬੀ ਗਾਇਕ ਅਮਰਿੰਦਰ ਗਿੱਲ ਨੂੰ ਲੈ ਕੇ ਬਣਾਈ ਪੰਜਾਬੀ ਫਿਲਮ 'ਸਰਵਣ' ਦਾ ਪ੍ਰੋਮੋ ਇੱਥੇ ਵਿਸ਼ਵ ਪੱਧਰ 'ਤੇ ਲਾਂਚ ਕੀਤਾ ਗਿਆ।

ਸਮਾਗਮ ਦੌਰਾਨ ਪ੍ਰਸਿੱਧ ਅਦਾਕਾਰਾ ਪ੍ਰਿਅੰਕਾ ਚੋਪੜਾ ਨੇ ਦੱਸਿਆ ਕਿ ਉਹਨਾਂ ਵੱਲੋਂ ਬਣਾਈ ਇਸ ਪੰਜਾਬੀ ਫਿਲਮ ਤੇ ਉਹਨਾਂ ਨੂੰ ਬਹੁਤ ਆਸਾਂ ਹਨ। ਬਾਲੀਵੁੱਡ ਦੇ ਹਾਣ ਦੀ ਬਣੀ ਇਸ ਫਿਲਮ ਨੂੰ ਜਦੋਂ ਲੋਕ ਦੇਖਣਗੇ ਤਾਂ ਉਹਨਾਂ ਨੂੰ ਦੂਜੀਆਂ ਫਿਲਮਾਂ ਨਾਲੋਂ ਵਖਰੇਵਾਂ ਅਤੇ ਵਧੀਆ ਪਨ ਆਪਣੇ ਆਪ ਹੀ ਨਜ਼ਰ ਆ ਜਾਵੇਗਾ। ਉਹਨਾਂ ਆਖਿਆ ਕਿ ਇਹ ਫਿਲਮ ਲੋਹੜੀ ਮੌਕੇ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ ਅਤੇ ਉਹਨਾਂ ਆਸ ਪ੍ਰਗਟਾਈ ਕਿ ਇਹ ਫਿਲਮ ਲੋਕਾਂ ਦੀਆਂ ਉਮੀਦਾਂ ਤੇ ਜ਼ਰੂਰ ਖਰੀ ਉੱਤਰੇਗੀ। ਪ੍ਰਿਅੰਕਾ ਚੋਪੜਾ ਨੇ ਇਹ ਵੀ ਕਿਹਾ ਕਿ ਕੋਈ ਵੀ ਕਹਾਣੀ ਮੇਰੇ ਹਿਸਾਬ ਨਾਲ ਨਵੀਂ ਨਹੀਂ ਹੁੰਦੀ ਅਸੀ ਸਾਲਾਂ ਤੋਂ ਆਪਣੀਆਂ ਨਾਨੀਆਂ ਅਤੇ ਦਾਦੀਆਂ ਕੋਲੋਂ ਜਿਹੜੀਆਂ ਪਰੀਆਂ ਭੂਤਾਂ ਜਿੰਨਾਂ ਡਾਕੂਆਂ ਅਤੇ ਹੋਰ ਤਰ੍ਹਾਂ-ਤਰ੍ਹਾਂ ਕਹਾਣੀਆਂ ਸੁਣਦੇ ਰਹੇ ਹਾਂ ਉਹਨਾਂ ਨੂੰ ਬਦਲ ਕੇ ਹੀ ਫਿਲਮਾਂ ਦੀਆਂ ਕਹਾਣਆਂ ਵਿੱਚ ਤਬਦੀਲ ਕਰਕੇ ਲੋਕਾਂ ਦਾ ਮਨੋਰੰਜਨ ਕੀਤਾ ਜਾ ਰਿਹਾ ਹੈ। ਪ੍ਰਿਅੰਕਾ ਚੋਪੜਾ ਨੇ ਕਿਹਾ ਕਿ ਪੰਜਾਬੀ ਫਿਲਮਾਂ ਦੀ ਵਿਸ਼ਵ ਵਿੱਚ ਵੱਡੀ ਮਾਰਕੀਟ ਹੈ ਬਸ ਲੋੜ ਹੈ ਪੰਜਾਬੀ ਦਰਸ਼ਕਾਂ ਨੂੰ ਚੰਗੀਆਂ ਅਤੇ ਉਸਾਰੂ ਫਿਲਮਾਂ ਦੇਣ ਦੀ ਅਤੇ ਅਸੀਂ ਇਸੇ ਪੱਧਰ ਤੇ ਆਪਣੇ ਪ੍ਰੋਡਕਸ਼ਨ ਹਾਊਸ ਦੀ ਫਿਲਮ ਬਣਾਈ ਹੈ। ਇਹ ਪੁੱਛਣ 'ਤੇ ਕਿ ਉਸਨੇ ਆਪਣੀ ਘਰੇਲੂ ਕੰਪਨੀ ਵੱਲੋਂ ਬਣਾਈ ਪੰਜਾਬੀ ਫਿਲਮ ਵਿੱਚ ਕੰਮ ਕਿਉਂ ਨਹੀਂ ਕੀਤਾ ਤਾਂ ਪ੍ਰਿਅੰਕਾ ਚੋਪੜਾ ਨੇ ਆਖਿਆ ਕਿ ਅਜੇ ਉਹ ਹਿੰਦੀ ਫਿਲਮਾਂ ਵਿੱਚ ਬਹੁਤ ਰੁੱਝੀ ਹੋਈ ਹੈ ਪਰ ਭਵਿੱਖ ਵਿੱਚ ਜੇਕਰ ਕੋਈ ਚੰਗੀ ਕਹਾਣੀ ਮਿਲੀ ਤਾਂ ਪੰਜਾਬੀ ਫਿਲਮਾਂ ਵਿੱਚ ਕੰਮ ਕਰਨ ਬਾਰੇ ਸੋਚਿਆ ਜਾ ਸਕਦਾ ਹੈ।

ਇਸ ਮੌਕੇ ਪੰਜਾਬੀ ਗਾਇਕ ਅਤੇ ਫਿਲਮ ਦੇ ਅਦਾਕਾਰ ਅਮਰਿੰਦਰ ਗਿੱਲ ਨੇ ਆਖਿਆ ਕਿ ਮੈਨੂੰ ਗਾਇਕੀ ਅਤੇ ਫਿਲਮਾਂ ਵਿੱਚ ਲੋਕਾਂ ਨੇ ਭਰਪੂਰ ਪਿਆਰ ਦਿੱਤਾ ਹੈ ਅਤੇ ਜਿਵੇਂ ਮੇਰੀਆਂ ਫਿਲਮਾਂ ਅੰਗਰੇਜ਼ ਅਤੇ ਲਵ ਪੰਜਾਬ ਨੂੰ ਲੋਕਾਂ ਵੱਲੋਂ ਹੁੰਗਾਰਾ ਮਿਲਿਆ ਹੈ। ਸਾਨੂੰ ਉਮੀਦ ਹੈ ਇਸ ਫਿਲਮ ਨੂੰ ਵੀ ਲੋਕ ਭਰਵਾਂ ਹੁੰਗਾਰਾ ਦੇਣਗੇ। ਇਸ ਮੌਕੇ ਪ੍ਰਿਅੰਕਾ ਚੋਪੜਾ ਦੀ ਮਾਤਾ ਮਧੂ ਚੋਪੜਾ, ਭਰਾ ਸਿਧਾਰਥ ਚੋਪੜਾ ਟੀਮ ਦੇ ਮੈਂਬਰ ਅੰਨੀਕੇਤ, ਫਿਲਮ ਅਦਾਕਾਰ ਸਿੰਮੀ ਚਾਹਲ ਆਦਿ ਨੇ ਵੀ ਫਿਲਮ ਬਾਰੇ ਗੱਲ ਕਰਦਿਆਂ ਆਖਿਆ ਕਿ ਅਸੀਂ ਇਹ ਫਿਲਮ ਬਣਾ ਕੇ ਖੁਦ ਵੀ ਪੰਜਾਬ ਅਤੇ ਪੰਜਾਬੀ ਬੋਲੀ ਨਾਲ ਜੁੜੇ ਮਹਿਸੂਸ ਕਰ ਰਹੇ ਹਾਂ ਉਹਨਾਂ ਸਾਰਿਆਂ ਇੱਕ ਸੁਰ ਵਿੱਚ ਆਖਿਆ ਕਿ ਇਹ ਇੱਕ ਪਰਿਵਾਰਕ ਫਿਲਮ ਹੈ ਜੋ ਕਿ ਸਾਰੇ ਆਪੋ ਆਪਣੇ ਪਰਿਵਾਰਾਂ ਵਿੱਚ ਬੈਠ ਕੇ ਦੇਖ ਸਕਦੇ ਹਨ ਅੰਤ ਵਿੱਚ ਪਿਫ ਦੇ ਸੰਚਾਲਕਾਂ ਸੰਨੀ ਗਿੱਲ ਅਤੇ ਇੰਦਰ ਚੋਪੜਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਜੈ ਛੱਕਰ ਬਾਬਾ ਦਾਮੂੰ ਸ਼ਾਹ ਜੀ
Raj Gill M: 98553-56783
Gill Tour & Travels
ਇਥੇ Swift Dzire, Hyundai i10 ਅਤੇ ਹਰ ਤਰ੍ਹਾਂ ਦੀਆਂ ਗੱਡੀਆਂ ਕਿਰਾਏ ਤੇ ਲੈਣ ਲਈ ਮਿਲੋ।
Service 25×7

V.P.O. Lohara Moga (Punjab) 142 001